## ਸਰਕਾਰੀ ਮੈਡੀਕਲ ਕਾਲਜ ਪਟਿਆਲਾ

ਨੰ:1(4022)ਈ1/2026/ 27156

**ਦਫਤਰੀ ਹੁਕਮ**

ਮਿਤੀ- 11/6/26

ਪੰਜਾਬ ਸਰਕਾਰ, ਮੈਡੀਕਲ ਸਿਖਿਆ ਤੇ ਖੋਜ ਵਿਭਾਗ (ਸਿਹਤ-3 ਸ਼ਾਖਾ) ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਰਾਹੀਂ ਜਾਰੀ ਹਦਾਇਤਾਂ/ਅਧਿਕਾਰਾਂ ਦੇ ਸਨਮੁੱਖ ਇਸ ਦਫਤਰ ਵੱਲੋਂ ਇਸ ਸੰਸਥਾ ਦੇ ਵੱਖ-ਵੱਖ ਵਿਭਾਗਾਂ ਵਿੱਚ ਸੀਨੀਅਰ ਰੈਜੀਡੈਂਟ ਡਾਕਟਰਾਂ ਦੀ ਖਾਲੀ ਆਸਾਮੀਆਂ ਦੀ ਚੋਣ ਕਰਨ ਲਈ ਲੀਡਿੰਗ ਅਖਬਾਰਾਂ ਅਤੇ ਸੰਸਥਾ ਦੀ ਵੈਬ-ਸਾਈਟ ਤੇ ਵਿਗਿਆਪਨ ਨੰ: **PR-Advt.No. 2329/12/2026-27/10855** ਅਤੇ **DPR/PB/2329/12/2026-27/10855** ਮਿਤੀ 27.04.2026 ਨੂੰ ਪ੍ਰਕਾਸ਼ਿਤ ਕਰਦੇ ਹੋਏ ਬਿਨੈਕਾਰਾਂ ਪਾਸੋਂ ਸੀਨੀਅਰ ਰੈਜੀਡੈਂਟ ਦੀਆਂ ਖਾਲੀ ਆਸਾਮੀਆਂ ਭਰਨ ਲਈ ਮਿਤੀ 12.05.2026 ਤੱਕ ਅਰਜੀਆਂ ਦੀ ਮੰਗ ਕੀਤੀ ਗਈ ਸੀ। ਨਿਰਧਾਰਿਤ ਮਿਤੀ ਤੱਕ ਬਿਨੈਕਾਰਾਂ ਪਾਸੋਂ ਪ੍ਰਾਪਤ ਅਰਜੀਆਂ ਘੋਖਣ ਉਪਰੰਤ ਸੀਨੀਅਰ ਰੈਜੀਡੈਂਟ ਦੀ ਚੋਣ ਕਰਨ ਲਈ ਇਸ ਸੰਸਥਾ ਦੀ ਸਲੈਕਸ਼ਨ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ ਯੋਗ ਪਾਏ ਗਏ ਨਿਮਨ ਦਰਸਾਏ ਬਿਨੈਕਾਰਾਂ ਦੀ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵਿਭਾਗਾਂ ਵਿੱਚ ਇਸ ਸੰਸਥਾ ਵਿਖੇ ਬਤੌਰ ਸੀਨੀਅਰ ਰੈਜੀਡੈਂਟ 03 ਸਾਲ ਦੇ ਟੈਨਿਓਰ ਲਈ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਚੋਣ ਕੀਤੀ ਜਾਂਦੀ ਹੈ:-

(1) ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਉਮੀਦਵਾਰ ਦੀ ਚੋਣ ਦੇ ਹੁਕਮ ਇਸ ਸੰਸਥਾ ਦੀ ਵੈਬ ਸਾਈਟ (**www.gmcpatiala.edu.in**) ਤੇ **Upload** ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਸਬੰਧਤ ਉਮੀਦਵਾਰ ਇਸ ਸੰਸਥਾ ਦੇ ਦਫਤਰ ਵਿਖੇ ਹਾਜਰੀ ਰਿਪੋਰਟ ਪੇਸ਼ ਕਰਨਗੇ ਅਤੇ ਜੁਆਇਨਿੰਗ ਸਮਾਂ ਪੂਰਾ ਹੋਣ ਉਪਰੰਤ ਜੁਆਇਨਿੰਗ ਸਮੇ ਵਿਚ ਕਿਸੇ ਵੀ ਤਰ੍ਹਾਂ ਦੇ ਵਾਧੇ ਦੀ ਮੰਗ ਨਹੀਂ ਕਰਨਗੇ।

(2) ਚੁਣੇ ਗਏ ਉਮੀਦਵਾਰਾਂ ਦੀ ਜਿਸ ਵਿਭਾਗ ਵਿਚ ਬਤੌਰ ਸੀਨੀਅਰ ਰੈਜੀਡੈਂਟ ਚੋਣ ਹੋ ਜਾਵੇਗੀ, ਉਹ ਅੰਤਿਮ ਹੋਵੇਗੀ।

(3) ਚੁਣੇ ਗਏ ਉਮੀਦਵਾਰਾਂ ਤੇ ਸਰਕਾਰ ਦੀ ਨੋਟੀਫਿਕੇਸ਼ਨ ਨੰ:1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਵਿਚ ਦਰਸਾਈਆਂ ਸ਼ਰਤਾਂ/ਨਿਯਮ ਲਾਗੂ ਹੋਣਗੇ।

(4) ਚੁਣੇ ਗਏ ਉਮੀਦਵਾਰ ਨੂੰ ਸੀਨੀਅਰ ਰੈਜੀਡੈਂਟਸੀ ਦੇ ਟੈਨਿਓਰ ਦੌਰਾਨ ਬਣਦੀ ਤਨਖਾਹ ਪੀ.ਸੀ.ਐਮ.ਐਸ ਕਾਡਰ ਵਿਚ ਮਿਲ ਰਹੀਂ ਤਨਖਾਹ ਅਨੁਸਾਰ ਮਿਲਣਯੋਗ ਹੋਵੇਗਾ।

(5) ਚੁਣੇ ਗਏ ਉਮੀਦਵਾਰ ਨੂੰ ਡਾਕੂਮੈਂਟਸ ਵੈਰੀਫਿਕੇਸ਼ਨ/ਯੋਗਤਾ ਚੈਕ ਕਰਨ ਉਪਰੰਤ ਹੀ ਜੁਆਇੰਨ ਕਰਵਾਇਆ ਜਾਵੇਗਾ ਅਤੇ ਜੇਕਰ ਦਸਤਾਵੇਜ਼ ਗਲਤ ਪਾਏ ਜਾਂਦੇ ਹਨ ਜਾਂ ਡਾਕੂਮੈਂਟ ਵੈਰੀਫਿਕੇਸ਼ਨ ਸਮੇ ਉਮੀਦਵਾਰ ਦੀ ਯੋਗਤਾ ਪੂਰੀ ਨਹੀਂ ਹੁੰਦੀ ਤਾਂ ਉਮੀਦਵਾਰ ਦੀ ਚੋਣ ਰੱਦ ਸਮਝੀ ਜਾਵੇਗੀ।

(5) ਸਬੰਧਤ ਉਮੀਦਵਾਰ ਵੱਲੋਂ ਜੁਆਇਨਿੰਗ ਸਮੇਂ ਪਿੱਤਰੀ ਵਿਭਾਗ ਤੋਂ ਜਾਰੀ ਫਾਰਮਲ ਐਨ.ਓ.ਸੀ ਪੇਸ਼ ਕਰਨ ਦੀ ਸੂਰਤ ਵਿੱਚ ਹੀ ਹਾਜਰ ਕਰਵਾਇਆ ਜਾਵੇਗਾ।

| S.No. | Name of Doctors | Father / Husband Name | Category (1 to 7) |
|---|---|---|---|
| | **Anaesthesiology Including Iccu Etc** | | |
| 1 | Dr. Vishally Dhingra, Medical Officer, Merit No. 304/GC/2015, Civil Hospital Sangrur | Sh. Vijay Dhingra | 2 |

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਸੁਪਰਡੈਂਟ ਸੀਨੀਅਰ ਸਹਾਇਕ ਕਲਰਕ

ਪਿੰ:ਅੰ:ਨੰ:1(4022)ਈ1/2026/ 27157-27168

ਮਿਤੀ- 11/6/26

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ।
2. ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਐਸ.ਏ.ਐਸ.ਨਗਰ (ਮੋਹਾਲੀ)।
4. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
5. ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ, ਚੰਡੀਗੜ੍ਹ।
6. ਡਾਇਰੈਕਟਰ, ਰੂਰਲ ਡਿਵੈਲਪਮੈਂਟ ਅਤੇ ਪੰਚਾਇਤ, ਮੋਹਾਲੀ।
7. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
8. ਰਜਿਸਟਰਾਰ, ਬਾਬਾ ਫਰੀਦ ਯੂਨਿਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ।
9. ਡਾਇਰੈਕਟਰ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ।
10. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਸਰਕਾਰੀ ਮੈਡੀਕਲ ਕਾਲਜ, ਪਟਿਆਲਾ।
11. ਇਸ ਸੰਸਥਾ ਦੇ ਵੱਖ ਵੱਖ ਵਿਭਾਗਾਂ ਦੇ ਪ੍ਰੋਫੈਸਰ ਤੇ ਮੁੱਖੀਆਂ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਉਪਰੋਕਤ ਚੁਣੇ ਗਏ ਉਮੀਦਵਾਰ ਨੂੰ ਸਿੱਧੇ ਤੋਰ ਤੇ ਬਤੌਰ ਸੀਨੀਅਰ ਰੈਜੀਡੈਂਟ ਹਾਜਰ ਨਾ ਕਰਵਾਇਆ ਜਾਵੇ।
12. ਪ੍ਰੋਫੈਸਰ ਤੇ ਮੁੱਖੀ.ਕਮ ਚੇਅਰਮੈਨ ਮੈਡੀਕਲ ਬੋਰਡ, ਅਨਾਟਮੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
13. ਇਸ ਸੰਸਥਾ ਦੇ ਵੱਖ ਵੱਖ ਵਿਭਾਗਾਂ ਵਿਚ ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਉਪਰੋਕਤ ਡਾਕਟਰਾਂ ਨੂੰ ਇਹ ਹੁਕਮ ਉਹਨਾਂ ਦੀ ਈ.ਮੇਲ ਪਤੇ ਤੇ ਭੇਜੇ ਜਾਂਦੇ ਹਨ।

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਸੁਪਰਡੈਂਟ ਸੀਨੀਅਰ ਸਹਾਇਕ ਕਲਰਕ